Punjab Government Gazette

Published by Authority

No. 24] CHANDIGARH, FRIDAY, JUNE 12, 2026 (JYAISTHA 22 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

(ਖੇਡਾਂ ਤੇ ਯੁਵਕ ਸੇਵਾਵਾਂ ਸ਼ਾਖਾ)

ਨੋਟੀਫਿਕੇਸ਼ਨ

ਮਿਤੀ 21 ਨਵੰਬਰ, 2024

ਨੰ:SYWD-SPRT08/72/2024-4SS/202.-ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 6/105/97-2ਸਸ/532732/1-4, ਮਿਤੀ 09/07/2015 ਦੀ ਅਧਿਲੰਘਣਾ ਵਿੱਚ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਕੌਮੀ ਸੇਵਾ ਯੋਜਨਾ ਸਲਾਹਕਾਰ ਕਮੇਟੀ ਦੀ ਮੁੜ ਸਥਾਪਨਾ ਕਰਨ ਦੀ ਹੇਠ ਅਨੁਸਾਰ ਪ੍ਰਵਾਨਗੀ ਦਿੰਦੇ ਹਨ,

(ੳ) ਚੇਅਰਮੈਨ:-

1 ਮਾਣਯੋਗ ਮੁੱਖ ਮੰਤਰੀ, ਪੰਜਾਬ ਜੀ ਬਤੌਰ ਮੰਤਰੀ, ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ।

(ਅ) ਮੈਂਬਰ (ਪਦਵੀ ਵੱਜੋਂ):-

1 ਮੁੱਖ ਸਕੱਤਰ, ਪੰਜਾਬ ਸਰਕਾਰ।

2 ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ, ਖੇਡਾਂ ਤੇ ਯੁਵਕ ਸੇਵਾਵਾਂ, ਵਿਭਾਗ।

3 ਉਪ ਕੁਲਪਤੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

4 ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ ਪਟਿਆਲਾ।

5 ਉਪ ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿਤਸਰ।

6 ਉਪ ਕੁਲਪਤੀ, ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ।

7 ਉਪ ਕੁਲਪਤੀ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।

8 ਉਪ ਕੁਲਪਤੀ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।

9 ਉਪ ਕੁਲਪਤੀ, ਥਾਪਰ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਪਟਿਆਲਾ।

10 ਡਾਇਰੈਕਟਰ, ਯੁਵਕ ਵਿਭਾਗ, ਪੰਜਾਬ।

11 ਡਾਇਰੈਕਟਰ, ਸਿਹਤ ਸੇਵਾਵਾਂ ਵਿਭਾਗ, ਪੰਜਾਬ।

12 ਡਾਇਰੈਕਟਰ, ਸੂਚਨਾਂ ਅਤੇ ਲੋਕ ਸੰਪਰਕ, ਪੰਜਾਬ।

13 ਮੁੱਖ ਵਣਪਾਲ, ਜੰਗਲਾਤ ਵਿਭਾਗ, ਪੰਜਾਬ।

14 ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗ ਵਿਭਾਗ, ਪੰਜਾਬ।

15 ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਪੰਜਾਬ।

16 ਡੀ.ਪੀ.ਆਈ. (ਸੈਕੰਡਰੀ)

17 ਡੀ.ਪੀ.ਆਈ. (ਕਾਲਜ)।

18 ਖੇਤਰੀ ਡਾਇਰੈਕਟਰ, ਐਨ.ਐਸ.ਐਸ. ਖੇਤਰੀ ਕੇਂਦਰ, ਚੰਡੀਗੜ੍ਹ।

19 ਪ੍ਰੋਗਰਾਮ ਕੋਆਰਡੀਨੇਟਰ, ਇੰਪੈਨਲਡ ਸਿਖਲਾਈ ਸੰਸਥਾ (ਈ.ਟੀ.ਆਈ.)

(ਏ) ਮੈਂਬਰ ਸਕੱਤਰ:-

1 ਰਾਜ ਕੌਮੀ ਸੇਵਾ ਯੋਜਨਾਂ ਅਧਿਕਾਰੀ, ਪੰਜਾਬ।

(ਸ) ਵਿਸ਼ੇਸ਼ ਸੱਦਾ ਪੱਤਰ :-

1. ਪ੍ਰੋਗਰਾਮ ਕੋਆਰਡੀਨੇਟਰ ਕੋਮੀ ਸੇਵਾ ਯੋਜਨਾਂ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

2 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

3 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

4 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ।

5 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।

6 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ।

7 ਪ੍ਰੋਗਰਾਮ ਕੋਆਰਡੀਨੇਟਰ, ਕੋਮੀ ਸੇਵਾ ਯੋਜਨਾਂ, ਥਾਪਰ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਨ, ਪਟਿਆਲਾ।

2. ਕੌਮੀ ਸੇਵਾ ਯੋਜਨਾ ਸਲਾਹਕਾਰ ਕਮੇਟੀ ਦੀ ਮਿਆਦ ਤੇ ਸ਼ਰਤਾਂ

ੳ) <u>ਮਿਆਦ</u>

ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ ਕਮੇਟੀ ਮੈਂਬਰਾਂ ਦੀ ਮਿਆਦ 3 ਸਾਲ ਲਈ ਹੋਵੇਗੀ ਬਸ਼ਰਤੇ:-

1) ਕਮੇਟੀ ਦੇ ਮੈਂਬਰ ਪੱਦਵੀ ਵੱਜੋਂ ਦਫਤਰ ਵਿੱਚ ਨਿਯੁਕਤ ਹੋਣ ਕਾਰਨ ਕਮੇਟੀ ਦੇ ਮੈਂਬਰ ਰਹਿਣਗੇ।

2) ਜੇਕਰ ਕਮੇਟੀ ਵਿੱਚ ਕਿਸੇ ਵੀ ਮੈਂਬਰ ਦੇ ਅਸਤੀਫੇ ਜਾਂ ਕਿਸੇ ਹੋਰ ਕਾਰਨ ਕਰਕੇ ਅਸਾਮੀ ਖਾਲੀ ਹੋਵੇਗੀ ਤਾਂ ਉਸ ਅਸਾਮੀ ਉੱਪਰ ਨਿਯੁਕਤ ਹੋਣ ਵਾਲੇ ਮੈਂਬਰ ਨੂੰ ਬਕਾਇਆ (ਤਿੰਨ ਸਾਲਾਂ ਵਿੱਚੋਂ) ਸਮੇਂ ਲਈ ਕਮੇਟੀ ਦਾ ਮੈਂਬਰ ਮੰਨਿਆ ਜਾਵੇਗਾ।

ਅ) <u>ਮੀਟਿੰਗਾਂ</u>

ਕਮੇਟੀ ਦੀਆਂ ਮੀਟਿੰਗਾਂ ਚੰਡੀਗੜ੍ਹ ਵਿੱਚ ਹੋਣਗੀਆਂ, ਜੇਕਰ ਕੋਈ ਕਮੇਟੀ ਦਾ ਮੈਂਬਰ ਮੀਟਿੰਗ ਵਿੱਚ ਚੰਡੀਗੜ੍ਹ ਤੋਂ ਬਾਹਰੋਂ ਆ ਕੇ ਹਾਜ਼ਰ ਹੋਵੇਗਾ ਤਾਂ ਉਸ ਨੂੰ ਟੀ.ਏ/ਟੀ.ਏ. ਉਸ ਦੇ ਆਪਣੇ ਵਿਭਾਗ ਵੱਲੋਂ ਦਿੱਤਾ ਜਾਵੇਗਾ ਜਿੱਥੋਂ ਇਹ ਤਨਖਾਹ ਅਤੇ ਹੋਰ ਭੱਤੇ ਪ੍ਰਾਪਤ ਕਰਦੇ ਹੋਣਗੇ।

ੲ) <u>ਕਾਰਜ</u>

1. ਰਾਜ ਵਿੱਚ ਕੌਮੀ ਸੇਵਾ ਯੋਜਨਾਂ ਗਤੀਵਿਧੀਆਂ ਦਾ ਵਿਕਾਸ ਕਰਨਾ, ਸਾਰੇ ਮਹੱਤਵਪੂਰਨ ਪਾਲਸੀ ਮਾਮਲਿਆਂ ਬਾਰੇ ਸਲਾਹ ਦੇਣਾ ਜਿਵੇਂ ਕਿ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੀ ਵੰਡ, ਕੌਮੀ ਸੇਵਾ ਯੋਜਨਾ ਲਈ ਕਾਲਜ ਸਕੂਲਾਂ ਦੀ ਚੋਣ, ਪੇਂਡੂ ਅਤੇ ਸ਼ਹਿਰੀ ਪ੍ਰੋਜੈਕਟਾਂ ਲਈ ਵਿਕਾਸ ਵਿਭਾਗਾਂ ਨੂੰ ਸਹਾਇਤਾ ਅਤੇ ਯੂਨੀਵਰਸਿਟੀਆਂ ਨੂੰ ਗ੍ਰਾਂਟ ਦੀ ਵੰਡ।

2. ਸਮੇਂ- ਸਮੇਂ ਤੇ ਯੁਵਕ ਸੇਵਾਵਾਂ ਵਿਭਾਗ/ਸਿੱਖਿਆ ਵਿਭਾਗ ਜਾਂ ਕਮੇਟੀ ਦੇ ਮੈਂਬਰਾਂ ਦੁਆਰਾ ਕਮੇਟੀ ਨੂੰ ਦਰਸਾਈਆਂ ਕੌਮੀ ਸੇਵਾ ਯੋਜਨਾ ਗਤੀਵਿਧੀਆਂ ਨੂੰ ਰਾਜ ਵਿੱਚ ਸੁਚਾਰੂ ਢੰਗ ਨਾਲ ਚਲਾਉਣ ਲਈ ਪੇਸ਼ ਆ ਰਹੀਆਂ ਔਕੜਾਂ ਦਾ ਨਿਪਟਾਰਾ ਕਰਨਾ।

ਸਰਵਜੀਤ ਸਿੰਘ, ਆਈ.ਏ.ਐਸ.,
ਵਿਸ ਮੁੱਖ ਸਕੱਤਰ, ਪੰਜਾਬ ਸਰਕਾਰ,
ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ।

ਚੰਡੀਗੜ੍ਹ
ਮਿਤੀ 20 ਨਵੰਬਰ, 2024

3742/6-2026/Pb. Govt. Press, S.A.S. Nagar